بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

## ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੀ ਜੀਵਨੀ ਦੇ ਹਵਾਲੇ ਨਾਲ

# ਇਫ਼ੱਕ ਦੇ ਕਿੱਸੇ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 30 ਅਗਸਤ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ اِيَّاكَ نَعۡبُدُ وَاِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ اَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁੱਦ, ਤਾਊਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜਲਸਾ ਸਲਾਨਾ ਜਰਮਨੀ ਤੋਂ ਪਹਿਲਾਂ ਦੇ ਖੁਤਬੇ ਵਿੱਚ ਸੀਰਤ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਹਵਾਲੇ ਨਾਲ ਜਿਕਰ ਹੋ ਰਿਹਾ ਸੀ। ਜਿਸ ਵਿੱਚ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੇ ਕਿੱਸੇ ਇਫ਼ੱਕ ਦਾ ਵੀ ਜ਼ਿਕਰ ਸੀ। ਇਸ ਸੰਬੰਧੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਨੇ ਆਪਣੇ ਆਚਰਣ ਵਿੱਚ ਦਾਖਲ ਰੱਖਿਆ ਹੈ ਕਿ ਉਹ ਵਈਦ ਦੀ ਭਵਿੱਖਬਾਣੀ ਨੂੰ ਤੋਬਾ ਅਤੇ ਆਸਤਗਫ਼ਰ, ਦੁਆ ਅਤੇ ਸਦਕੇ ਨਾਲ ਟਾਲ ਦਿੰਦਾ ਹੈ। ਇਸੇ ਪ੍ਰਕਾਰ ਮਨੁੱਖ ਨੂੰ ਵੀ ਉਸ ਨੇ ਇਹੀ ਆਚਰਣ ਸਿਖਾਇਆ ਹੈ ਜਿਵੇਂ ਕਿ ਕੁਰਾਨ ਅਤੇ ਹਦੀਸ ਤੋਂ ਸਾਬਤ ਹੁੰਦਾ ਹੈ ਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਸੰਬੰਧੀ ਮੁਨਾਫ਼ਿਕਾਂ ਨੇ ਕੇਵਲ ਬਦਬਖਤੀ ਨਾਲ ਝੂਠਾ ਆਰੋਪ ਲਾਇਆ ਸੀ। ਇਸ ਜ਼ਿਕਰ ਵਿੱਚ ਕੁੱਝ ਸਿੱਧੇ ਸਾਦੇ ਸਹਾਬੀ ਵੀ ਸ਼ਾਮਿਲ ਹੋ ਗਏ ਸਨ। ਇੱਕ ਸਹਾਬੀ ਅਜਿਹੇ ਸਨ। ਜੋ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੇ ਘਰ ਤੋਂ ਦੋ ਸਮੇਂ ਦੀ ਰੋਟੀ ਖਾਂਦੇ ਸਨ। ਹਜ਼ਰਤ ਅਬੂ ਬਕਰ ਰਜੀ ਅੱਲਾਹ ਅੰਨਹੁ ਨੇ ਉਹਨਾਂ ਦੀ ਇਸ ਗਲਤੀ ਉੱਤੇ ਸੌਂਹ ਖਾਦੀ ਅਤੇ ਵਈਦ ਵੱਜੋਂ ਅਹਦ ਕਰ ਲਿਆ ਕਿ ਮੈਂ ਇਸ ਹਰਕਤ ਦੀ ਸਜ਼ਾ ਵਿੱਚ ਉਸ ਨੂੰ ਕਦੇ ਰੋਟੀ ਨਹੀਂ ਦਿਆਂਗਾ। ਇਸ ਸੰਬੰਧੀ ਕੁਰਾਨ ਦੀ ਆਇਤ ਉੱਤਰੀ ਤੱਦ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੇ ਆਪਣੇ ਇਸ ਅਹਦ ਨੂੰ ਤੋੜ੍ਹ ਦਿੱਤਾ ਅਤੇ ਪਹਿਲਾਂ ਵਾਂਗ ਰੋਟੀ ਲਾ ਦਿੱਤੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸੇ ਆਧਾਰ ਉੱਤੇ ਇਸਲਾਮੀ ਆਚਰਣ ਵਿੱਚ ਦਾਖਲ ਹੈ ਕਿ ਜੇਕਰ ਵਈਦ ਵੱਜੋਂ ਕੋਈ ਅਹਦ ਕੀਤਾ ਜਾਵੇ ਤਾਂ ਉਸ ਦਾ ਤੋੜ੍ਹਨਾ ਚੰਗੇ ਆਚਰਣ ਵਿੱਚ ਸ਼ਾਮਿਲ ਹੈ ਜਿਵੇਂ ਜੇਕਰ ਕੋਈ ਆਪਣੇ ਸੇਵਾਦਾਰ ਸੰਬੰਧੀ ਸੌਂਹ ਚੁੱਕੇ ਕਿ ਮੈਂ ਉਸ ਨੂੰ ਜ਼ਰੂਰ 50 ਜੁੱਤੀਆਂ ਮਾਰਾਂਗਾ ਤਾਂ ਉਸ ਦੀ ਤੋਬਾ ਅਤੇ ਬਿਨਤੀ ਉੱਤੇ ਮੁਆਫ਼ ਕਰਨਾ ਇਸਲਾਮੀ ਸੁੰਨਤ ਹੈ। ਵਚਨ ਤੋੜ੍ਹਨ ਉੱਤੇ ਪੁੱਛ ਗਿੱਛ ਹੋਵੇਗੀ। ਪਰ ਵਈਦ ਵੱਜੋਂ ਚੁੱਕੀ ਸੌਂਹ ਉੱਤੇ ਨਹੀਂ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਸੀਰਤ ਖਾਤਮੁਨੱਬੀਯੀਨ ਵਿੱਚ ਇਫੱਕ ਦੇ ਕਿੱਸੇ ਨੂੰ ਬੁਖਾਰੀ ਦੀ ਸਾਖੀ ਦੀ ਰੋਸ਼ਨੀ ਵਿੱਚ ਬਿਆਨ ਕਰਦੇ ਹੋਏ ਲਿੱਖਦੇ ਹਨ ਕਿ ਇਸ ਮਾਮਲੇ ਵਿੱਚ ਇਹ ਸਾਖੀ ਸਾਰੀ ਸਾਖੀਆਂ ਤੋਂ ਵਿਸਥਾਰ ਪੂਰਵਕ ਅਤੇ ਲੜੀਵਾਰ ਹੈ। ਇਸ ਸਾਖੀ ਤੋਂ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਘਰੇਲੂ ਜੀਵਨ ਉੱਤੇ ਇੱਕ ਅਜਿਹੀ ਰੋਸ਼ਨੀ ਪੈਂਦੀ ਹੈ। ਜਿਸ ਨੂੰ ਕੋਈ ਇਤਿਹਾਸਕਾਰ ਨਜ਼ਰੋਂ ਓਹਲੇ ਨਹੀਂ ਕਰ ਸਕਦਾ ਅਤੇ ਸਿਹਤ ਪੱਖੋਂ ਵੀ ਇਹ ਸਾਖੀ ਅਜਿਹੇ ਉੱਚ ਸਥਾਨ ਉੱਤੇ ਹੈ। ਜਿਸ ਵਿੱਚ ਸ਼ੱਕ ਅਤੇ ਸ਼ੰਕਾ ਦੀ ਥਾਂ ਨਹੀਂ ਸਮਝੀ ਜਾ ਸਕਦੀ। ਹੁਣ ਧਿਆਨ ਨਾਲ ਵੇਖੋ ਕਿ ਇਹ ਕਿੰਨ੍ਹਾ ਖਤਰਨਾਕ ਫ਼ਸਾਦ ਮੁਨਾਫ਼ਿਕਾਂ ਵੱਲੋਂ ਖੜ੍ਹਾ ਕੀਤਾ ਗਿਆ ਸੀ।

ਇਸ ਵਿੱਚ ਕੇਵਲ ਇੱਕ ਪਾਕ ਦਾਮਨ ਅਤੇ ਹੱਦ ਦਰਜਾ ਸੰਜਮੀ ਅਤੇ ਪਵਿੱਤਰ ਔਰਤ ਦੀ ਇੱਜ਼ਤ ਉੱਤੇ ਹੀ ਹਮਲਾ ਕਰਨਾ ਉਦੇਸ਼ ਨਹੀਂ ਸੀ। ਸਗੋਂ ਵੱਡਾ ਉਦੇਸ਼ ਸਿੱਧੇ ਤੌਰ ਉੱਤੇ ਇਸਲਾਮ ਧਰਮ ਦੇ ਸੰਸਥਾਪਕ ਹਜ਼ਰਤ ਮੁਹੱਮਦ ਸੱਲਲਾਹੁ ਅਲੈਹਿ ਵੱਸਲਮ ਦੀ ਇੱਜ਼ਤ ਨੂੰ ਬਰਬਾਦ ਕਰਨਾ ਅਤੇ ਇਸਲਾਮੀ ਸਮਾਜ ਵਿੱਚ ਇੱਕ ਖਤਰਨਾਕ ਭੂਕੰਪ ਲਿਆਉਣ ਸੀ ਅਤੇ ਮੁਨਾਫ਼ਿਕਾਂ ਨੇ ਇਸ ਗੰਦੇ ਅਤੇ ਕਮੀਨੇ ਰੌਲੇ-ਰੱਪੇ ਨੂੰ ਇੰਝ ਚਰਚਾ ਦਿੱਤੀ ਕਿ ਕੁੱਝ ਸਿੱਧੇ ਸਾਦੇ ਲੋਕ ਪਰ ਸੱਚੇ ਮੁਸਲਮਾਨ ਵੀ ਉਹਨਾਂ ਦੀਆਂ ਗੱਲ੍ਹਾਂ ਵਿੱਚ ਫ਼ਸ ਕੇ ਠੋਕਰ ਖਾ ਗਏ। ਇਹਨਾਂ ਲੋਕਾਂ ਵਿੱਚ ਹਸਾਨ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ, ਹੁਮਨਾ ਬਿਨਤੇ ਜਹਸ਼ ਅਤੇ ਮਸਤਹ ਬਿਨ ਅਸਾਸਾ ਦਾ ਨਾਂ ਖਾਸ ਤੌਰ ਉੱਤੇ ਜ਼ਿਕਰ ਕੀਤਾ ਗਿਆ ਹੈ। ਪਰ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦਾ ਇਹ ਉੱਚ ਆਚਰਣ ਹੈ ਕਿ ਉਹਨਾਂ ਨੇ ਉਹਨਾਂ ਸਾਰੀਆਂ ਨੂੰ ਮੁਆਫ਼ ਕਰ ਦਿੱਤਾ ਅਤੇ ਉਨ੍ਹਾਂ ਵੱਲੋਂ ਆਪਣੇ ਦਿਲ ਵਿੱਚ ਕੋਈ ਮੈਲ ਨਹੀਂ ਰੱਖਿਆ।

ਹਜ਼ਰਤ ਮੂਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਇਹ ਆਰੋਪ ਲਾਉਣ ਵਾਲਿਆਂ ਦੇ ਕਾਰਨ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਸਾਨੂੰ ਅਸਲ ਉਦੇਸ਼ ਨੂੰ ਵੇਖਣਾ ਚਾਹੀਦਾ ਹੈ। ਇਸ ਦਾ ਕਾਰਨ ਇਹ ਨਹੀਂ ਹੋ ਸਕਦਾ ਕਿ ਉਹਨਾਂ ਲੋਕਾਂ ਨੂੰ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਤੋਂ ਕੋਈ ਦੁਸ਼ਮਨੀ ਸੀ। ਇਸ ਆਰੋਪ ਸੰਬੰਧੀ ਦੋ ਹੀ ਸੂਰਤਾਂ ਹੋ ਸਕਦੀਆਂ ਹਨ ਕਿ ਜਾਂ ਤਾਂ ਇਹ ਆਰੋਪ ਸੱਚਾ ਸੀ। ਜਿਸ ਨੂੰ ਕੋਈ ਮੋਮਿਨ ਮੰਨ ਨਹੀਂ ਸਕਦਾ। ਖਾਸ ਤੌਰ ਉੱਤੇ ਜੱਦ ਕਿ ਰੱਬ ਨੇ ਅਰਸ਼ ਤੋਂ ਇਸ ਗੰਦੇ ਖਿਆਲ ਨੂੰ ਰੱਦ ਕਰ ਦਿੱਤਾ ਹੈ ਜਾਂ ਦੂਜੀ ਸੂਰਤ ਇਹ ਹੋ ਸਕਦੀ ਹੈ ਕਿ ਇਹ ਆਰੋਪ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੂੰ ਨੁਕਸਾਨ ਪਹੁੰਚਾਉਣ ਲਈ ਲਾਇਆ ਗਿਆ। ਕਿਉਂਕਿ ਇੱਕ ਦੀ ਉਹ ਪਤਨੀ ਸਨ ਅਤੇ ਦੂਜੇ ਦੀ ਪੁੱਤਰੀ। ਇਹ ਦੋਵੇਂ ਹਸਤੀਆਂ ਅਜਿਹੀਆਂ ਸਨ ਕਿ ਉਹਨਾਂ ਦੀ ਬਦਨਾਮੀ ਸਿਆਸੀ ਤੌਰ ਉੱਤੇ ਦੁਸ਼ਮਣੀ ਵਜੋਂ ਕੁੱਝ ਲੋਕਾਂ ਲਈ ਲਾਭ ਦੇਣ ਵਾਲੀ ਹੋ ਸਕਦੀ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੂੰ ਜੋ ਸਥਾਨ ਪ੍ਰਾਪਤ ਸੀ। ਉਹ ਤਾਂ ਆਰੋਪ ਲਾਉਣ ਵਾਲੇ ਕਿਸੇ ਤਰ੍ਹਾਂ ਵੀ ਛੀਨ ਨਹੀਂ ਸਕਦੇ ਸਨ। ਉਹਨਾਂ ਨੂੰ ਇਹ ਡਰ ਸੀ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਬਾਦ ਵੀ ਉਹ ਆਪਣੇ ਉਦੇਸ਼ ਨੂੰ ਪੂਰਾ ਕਰਨ ਤੋਂ ਵਾਂਝੇ ਨ ਰਹਿ ਜਾਣ। ਉਹ ਵੇਖ ਰਹੇ ਸਨ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਦੇ ਬਾਦ ਖਲੀਫ਼ਾ ਹੋਣ ਦਾ ਜੇਕਰ ਕੋਈ ਵਿਅਕਤੀ ਯੋਗ ਹੈ ਤਾਂ ਉਹ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਹੀ ਹਨ। ਸੋ, ਇਸ ਖਤਰੇ ਨੂੰ ਭਾਂਪਤੇ ਹੋਏ ਉਹਨਾਂ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਉੱਤੇ ਆਰੋਪ ਲਾ ਦਿੱਤਾ ਤਾਂ ਕਿ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਨਜ਼ਰ ਵਿੱਚ ਡਿੱਗ ਜਾਣ ਅਤੇ ਇਸ ਕਰਕੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੂੰ ਮੁਸਲਮਾਨਾਂ ਵਿੱਚ ਜੋ

ਸਥਾਨ ਪ੍ਰਾਪਤ ਹੈ। ਉਹ ਵੀ ਜਾਂਦਾ ਰਹੇਗਾ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਬਾਦ ਆਪ ਰਜ਼ੀ ਅੱਲਾਹ ਅੰਨਹੁ ਦੇ ਖਲੀਫ਼ਾ ਹੋਣ ਦਾ ਬੂਹਾ ਬਿਲਕੁੱਲ ਬੰਦ ਹੋ ਜਾਵੇਗਾ।

ਇਤਿਹਾਸ ਦੱਸਦਾ ਹੈ ਕਿ ਮਦੀਨਾ ਵਿੱਚ ਅਰਬਾਂ ਦੇ ਦੋ ਕਬੀਲੇ ਓਸ ਅਤੇ ਖਜ਼ਰਜ ਨੇ ਆਪਸੀ ਲੜ੍ਹਾਈ ਅਤੇ ਕਤਲ ਤੇ ਖ਼ੂਨ ਕਰਨ ਨੂੰ ਛੱਡ ਕੇ ਸੁਲਾਹ ਕੀਤੀ ਅਤੇ ਅਬਦੁੱਲਾਹ ਬਿਨ ਊਬਯੀ ਬਿਨ ਸਲੂਲ ਨੂੰ ਮਦੀਨਾ ਦਾ ਬਾਦਸ਼ਾਹ ਬਣਾ ਦਿੱਤਾ। ਮਦੀਨਾ ਦੇ ਕੁੱਝ ਲੋਕਾਂ ਨੇ ਮੱਕੇ ਤੋਂ ਆ ਕੇ ਦੱਸਿਆ ਕਿ ਅੰਤਿਮ ਜ਼ਮਾਨੇ ਦਾ ਨਬੀ ਮੱਕੇ ਵਿੱਚ ਪ੍ਰਕਟ ਹੋ ਗਿਆ ਹੈ ਅਤੇ ਅਸੀਂ ਉਸ ਦੀ ਬੈਅਤ ਕਰ ਆਏ ਹਾਂ। ਕੁੱਝ ਹੋਰ ਲੋਕਾਂ ਦੀ ਬਿਨਤੀ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਨੇ ਇੱਕ ਸਹਾਬੀ ਨੂੰ ਪ੍ਰਚਾਰਕ ਬਣਾ ਕੇ ਮਦੀਨਾ ਭੇਜਿਆ ਤਾਂ ਮਦੀਨਾ ਦੇ ਬਹੁਤ ਸਾਰੇ ਲੋਕ ਇਸਲਾਮ ਵਿੱਚ ਦਾਖਲ ਹੋ ਗਏ। ਅਬਦੁੱਲਾਹ ਬਿਨ ਊਬਯੀ ਬਿਨ ਸਲੂਲ ਨੇ ਜੱਦ ਵੇਖਿਆ ਕਿ ਉਸ ਦੀ ਬਾਦਸ਼ਾਹਤ ਜਾਂਦੀ ਰਹਿ ਅਤੇ ਉਸ ਨੇ ਗੌਰ ਕੀਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੇ ਬਾਦ ਮੁਸਲਮਾਨਾਂ ਦੀ ਨਜ਼ਰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਵੱਲ੍ਹ ਉੱਠਦੀ ਹੈ ਤਾਂ ਉਸ ਨੇ ਆਪਣੀ ਖੈਰ ਇਸੇ ਵਿੱਚ ਵੇਖੀ ਕਿ ਉਹਨਾਂ ਨੂੰ ਬਦਨਾਮ ਕਰ ਦਿੱਤਾ ਜਾਵੇ ਅਤੇ ਲੋਕਾਂ ਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਨਜ਼ਰ ਤੋਂ ਵੀ ਆਪ ਰਜ਼ੀ ਅੱਲਾਹ ਅੰਨਹੁ ਨੂੰ ਡਿੱਗਾ ਦਿੱਤਾ ਜਾਵੇ ਅਤੇ ਇਸ ਬਦਨੀਤੀ ਦੇ ਪੂਰਾ ਕਰਨ ਦਾ ਮੌਕਾ ਉਸ ਨੂੰ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੇ ਜੰਗ ਵਿੱਚ ਪਿੱਛੇ ਰਹਿ ਜਾਣ ਦੇ ਕਿੱਸੇ ਨਾਲ ਮਿਲ ਗਿਆ ਅਤੇ ਉਸ ਖੱਬੀਸ ਨੇ ਆਪ ਰਜ਼ੀ ਅੱਲਾਹ ਅੰਨਹਾ ਉੱਤੇ ਇੱਕ ਬਹੁਤ ਗੰਦਾ ਆਰੋਪ ਲਾਇਆ।

ਹਜ਼ਰਤ ਮੁਸਲੇਹ ਮੌਊਦ ਰਜੀ ਅੱਲਾਹ ਅੰਨਹੁ ਇਫੱਕੇ ਦੇ ਕਿੱਸੇ ਦਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਦੀ ਖਿਲਾਫ਼ਤ ਨਾਲ ਸੰਬੰਧ ਬਿਆਨ ਕਰਦੇ ਹੋਏ ਲਿੱਖਦੇ ਹਨ ਕਿ ਸੂਰਤ ਨੂਰ ਦੇ ਆਰੰਭ ਤੋਂ ਲੈ ਕੇ ਉਸ ਦੇ ਅੰਤ ਤੱਕ ਇੱਕ ਹੀ ਵਿਸ਼ਾ ਬਿਆਨ ਕੀਤਾ ਗਿਆ ਹੈ। ਪਹਿਲਾਂ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਉੱਤੇ ਲੱਗਣ ਵਾਲੇ ਆਰੋਪ ਦਾ ਜ਼ਿਕਰ ਕੀਤਾ ਗਿਆ ਅਤੇ ਫਿਰ ਰੱਬ ਨੇ ਇਸ ਆਰੋਪ ਦੇ ਬਾਦ ਖਿਲਾਫ਼ਤ ਦਾ ਜ਼ਿਕਰ ਕੀਤਾ ਅਤੇ ਫ਼ਰਮਾਇਆ ਕਿ ਖਿਲਾਫ਼ਤ ਬਾਦਸ਼ਾਹਤ ਨਹੀਂ। ਉਹ ਤਾਂ ਰੱਬੀ ਨੂਰ ਕਾਯਮ ਰੱਖਣ ਦਾ ਇੱਕ ਸਾਧਨ ਹੈ। ਇਸ ਲਈ ਉਸ ਨੂੰ ਕਾਯਮ ਕਰਨਾ ਰੱਬ ਨੇ ਆਪਣੇ ਹੱਥ ਵਿੱਚ ਰੱਖਿਆ ਹੈ। ਸੋ, ਉਹ ਇਸ ਨੂਰ ਨੂੰ ਜ਼ਰੂਰ ਕਾਯਮ ਕਰੇਗਾ ਅਤੇ ਜਿਸ ਨੂੰ ਚਾਹੇਗਾ ਖਲੀਫ਼ਾ ਬਣਾਏਗਾ। ਸਗੋਂ ਉਹ ਵਾਅਦਾ ਕਰਦਾ ਹੈ ਕਿ ਮੁਸਲਮਾਨਾਂ ਵਿੱਚੋਂ ਇੱਕ ਨਹੀਂ, ਸਗੋਂ ਅਨੇਕ ਲੋਕਾਂ ਨੂੰ ਖਿਲਾਫ਼ਤ ਉੱਤੇ ਕਾਯਮ ਕਰਕੇ ਇਸ ਨੂਰ ਦੇ ਜ਼ਮਾਨੇ ਨੂੰ ਲੰਮਾ ਕਰ ਦੇਵੇਗਾ। ਤੁਸੀਂ ਆਰੋਪ ਲਾਉਣਾ ਚਾਹੁੰਦੇ ਹੋ ਤਾਂ ਬੇਸ਼ੱਕ ਲਾਓ। ਨ ਤੁਸੀਂ ਖਿਲਾਫ਼ਤ ਨੂੰ ਮਿਟਾ ਸਕਦੇ ਹੋ, ਨ ਹਜ਼ਰਤ ਅਬੂ ਬਕਰ ਰਜੀ ਅੱਲਾਹ ਅੰਨਹੁ ਨੂੰ ਖਿਲਾਫ਼ਤ ਤੋਂ ਵਾਂਝੇ ਕਰ ਸਕਦੇ ਹੋ। ਕਿਉਂਕਿ ਖਿਲਾਫ਼ਤ ਇੱਕ ਨੂਰ ਹੈ। ਜੋ ਰੱਬੀ ਨੂਰ ਦੇ ਪ੍ਰਕਟਾਵੇ ਦਾ ਇੱਕ ਸਾਧਨ ਹੈ। ਇਸ ਨੂੰ ਮਨੁੱਖ ਆਪਣੀ ਚਲਾਕੀਆਂ ਨਾਲ ਕਿੱਥੇ ਮਿਟਾ ਸਕਦਾ ਹੈ।

ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਉੱਤੇ ਆਰੋਪ ਲਾਉਣ ਵਾਲਿਆਂ ਦੀ ਸਾਖੀਆਂ ਵਿੱਚ ਵੱਖੋ ਵੱਖ ਗਿਣਤੀ ਬਿਆਨ ਹੋਈ ਹੈ। ਕੁੱਝ ਸਾਖੀਆਂ ਵਿੱਚ 03,10,15, ਅਤੇ 40 ਵੀ ਬਿਆਨ ਹੋਈ ਹੈ। ਇਹਨਾਂ ਆਰੋਪ ਲਾਉਣ ਵਾਲਿਆਂ ਦੀ ਸਜ਼ਾ ਸੰਬੰਧੀ ਵੀ ਵਿਰੋਧ ਹੈ। ਸੁੰਨਨ ਅਬੂ ਦਾਊਦ ਵਿੱਚ ਸਾਖੀ ਹੈ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਦੋ ਮਰਦਾਂ ਅਤੇ ਇੱਕ ਔਰਤ ਸੰਬੰਧੀ ਕਜ਼ਫ਼ ਦੀ ਸਜ਼ਾ ਦਾ ਆਦੇਸ਼ ਦਿੱਤਾ ਅਤੇ ਉਹਨਾਂ ਵਿੱਚ ਹਜ਼ਰਤ ਹਸਾਨ ਬਿਨ ਸਾਬਿਤ ਰਜ਼ੀ ਅੱਲਾਹ ਅੰਨਹੁ ਅਤੇ ਮਸਤਹ ਬਿਨ ਅਸਾਸਾ ਸਨ। ਨਫ਼ੀਲੀ ਕਹਿੰਦੇ ਹਨ ਕਿ ਉਹ ਔਰਤ

ਹੁਮਨਾ ਬਿਨਤੇ ਜਹਸ਼ ਸਨ। ਇੱਕ ਕਥਨ ਇਹ ਵੀ ਹੈ ਕਿ ਨਬੀ ਕਰੀਮ ਸੱਲਲਾਹੁ ਅਲੈਹਿ ਵੱਸਲਮ ਨੇ ਉਹਨਾਂ ਵਿੱਚੋਂ ਕਿਸੇ ਨੂੰ ਵੀ ਹੱਦ ਨਹੀਂ ਲਾਈ ਅਤੇ ਦੂਜਾ ਕਥਨ ਇਹ ਹੈ ਕਿ ਆਪ ਸੱਲਲਾਹੁ ਅਲੈਹਿ ਵੱਸਲਮ ਨੇ ਅਬਦੁੱਲਾਹ ਬਿਨ ਉਬਯੀ, ਮਸਤਹ ਬਿਨ ਅਸਾਸਾ, ਹਸਾਨ ਬਿਨ ਸਾਬਿਤ ਅਤੇ ਹੁਮਨਾ ਬਿਨਤੇ ਜਹਸ਼ ਨੂੰ ਹੱਦ ਲੁਆਈ। ਹਜ਼ਰਤ ਮੁਸਲੇਹ ਮੌਊਦ ਰਜ਼ੀ ਅੱਲਾਹ ਅੰਨਹੁ ਸੂਰਤ ਨੂਰ ਦੀ ਆਇਤ 36 ਦੀ ਵਿਆਖਿਆ ਵਿੱਚ ਲਿੱਖਦੇ ਹਨ ਕਿ ਇਹਨਾਂ ਆਰੋਪ ਲਾਉਣ ਵਾਲਿਆਂ ਵਿੱਚੋਂ ਜਿਹੋ ਜਿਹੀ ਕਿਸੇ ਨੇ ਕਮਾਈ ਕੀਤੀ ਹੈ। ਉਹੋ ਜਿਹਾ ਅਜ਼ਾਬ ਉਸ ਨੂੰ ਮਿਲ ਜਾਵੇਗਾ। ਇਸ ਫ਼ਸਾਦ ਦੇ ਬਾਨੀ ਅਬਦੁੱਲਾਹ ਬਿਨ ਉਬਯੀ ਨੂੰ ਕੋੜ੍ਹੇ ਮਾਰਨ ਦੀ ਸਜ਼ਾ ਵੀ ਦਿੱਤੀ ਗਈ ਅਤੇ ਉਸ ਨੂੰ ਰੱਬ ਵੱਲੋਂ ਵੀ ਅਜ਼ਾਬ ਮਿਲ ਗਿਆ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵੱਸਲਮ ਦੀ ਜ਼ਿੰਦਗੀ ਵਿੱਚ ਹੀ ਅੱਡੀਆਂ ਰਗੜ੍ਹਦੇ ਰਗੜ੍ਹਦੇ ਹਲਾਕ ਹੋ ਗਿਆ।

ਅੰਤ ਵਿੱਚ ਹਜ਼ੂਰੇ ਅਨਵਰ ਨੇ ਜਲਸਾ ਸਲਾਨਾ ਜਰਮਨੀ ਦੇ ਹਵਾਲੇ ਨਾਲ ਫ਼ਰਮਾਇਆ ਕਿ ਸ਼ਾਮਿਲ ਹੋਣ ਵਾਲਿਆਂ ਵਿੱਚ ਜੋ ਗੈਰ ਸ਼ਾਮਿਲ ਹੋਏ ਸਨ ਜਾਂ ਜੋ ਲੋਕ ਪਹਿਲੀ ਵਾਰ ਆਏ ਸਨ। ਉਹਨਾਂ ਨੇ ਬਹੁਤ ਚੰਗੇ ਵਿਚਾਰ ਅਤੇ ਬਹੁਤ ਖੁਸ਼ੀ ਦਾ ਪ੍ਰਕਟਵਾ ਕੀਤਾ ਹੈ। ਮੀਡੀਆ ਅਤੇ ਅਖਬਾਰਾਂ ਰਾਹੀਂ ਕਈ ਮਿਲੀਅਨ ਲੋਕਾਂ ਤੱਕ ਅਹਮਦੀਅਤ ਅਤੇ ਇਸਲਾਮ ਦਾ ਸੰਦੇਸ਼ ਵੀ ਪਹੁੰਚਾ ਹੈ। ਰੱਬ ਉਸ ਦੇ ਨੇਕ ਅਤੇ ਚੰਗੇ ਸਿੱਟੇ ਕੱਢੇ ਅਤੇ ਅਹਮਦੀਆਂ ਨੂੰ ਵੀ ਹਕੀਕੀ ਰੰਗ ਵਿੱਚ ਸਦਾ ਲਾਭ ਚੁੱਕਦੇ ਰਹਿਣ ਦੀ ਤੌਫ਼ੀਕ ਬਖਸ਼ੇ।

ਸੂਡਾਨ ਦੇ ਅਹਮਦੀਆਂ ਲਈ ਦੁਆ ਕਰਨ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਜੰਗ ਕਰਕੇ ਸੂਡਾਨ ਵਿੱਚ ਅਹਮਦੀ ਵੀ ਆਪਣੀ ਜਾਣ ਬਚਾਉਣ ਲਈ ਅਤੇ ਅਮਨ ਲਈ ਸੂਡਾਨ ਦੇ ਵੱਖੋ ਵੱਖ ਇਲਾਕਿਆਂ ਵਿੱਚ ਵਿਖਰ ਗਏ ਹਨ ਅਤੇ ਇਸ ਸਮੇਂ ਵੀ ਵੱਖੋ ਵੱਖ ਥਾਵਾਂ ਵਿੱਚ ਇਹ ਲੋਕ ਬਹੁਤ ਤੰਗੀ ਅਤੇ ਗਰੀਬੀ ਦੀ ਜ਼ਿੰਦਗੀ ਲੰਘਾ ਰਹੇ ਹਨ। ਰੱਬ ਅਹਮਦੀਆਂ ਦੇ ਈਮਾਨਾਂ ਨੂੰ ਮਜਬੂਤ ਰੱਖੇ। ਰੱਬ ਉਹਨਾਂ ਦੇ ਹਾਲਾਤ ਵੀ ਬਦਲੇ ਅਤੇ ਦੇਸ਼ ਵਿੱਚ ਵੱਡਾ ਫ਼ਸਾਦ ਫੈਲਿਆ ਹੋਇਆ ਹੈ। ਰੱਬ ਇਸ ਫ਼ਸਾਦ ਨੂੰ ਵੀ ਖਤਮ ਕਰੇ ਅਤੇ ਰੱਬ ਰਹਿਮ ਫ਼ਰਮਾਏ। ਇਹ ਲੋਕ ਇੱਕ ਦੂਜੇ ਦਾ ਹੱਕ ਅਦਾ ਕਰਨ ਵਾਲੇ ਹੋਣ। ਮੁਸਲਮਾਨ, ਮੁਸਲਮਾਨ ਦੇ ਭਾਈ ਹੋਣ ਦਾ ਹੱਕ ਅਦਾ ਕਰਨ ਵਾਲੇ ਹੋਣ ਅਤੇ ਇਸਲਾਮੀ ਹਕੂਮਤਾਂ ਵਿੱਚ ਜੋ ਫ਼ਸਾਦ ਹਨ। ਰੱਬ ਉਹਨਾਂ ਨੂੰ ਦੂਰ ਫ਼ਰਮਾਏ ਅਤੇ ਹਕੀਕੀ ਰੰਗ ਵਿੱਚ ਅਮਨ ਅਤੇ ਸਕੂਨ ਦੀ ਜ਼ਿੰਦਗੀ ਲੰਘਾਉਣ ਦੀ ਤੌਫ਼ੀਕ ਬਖਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ